ਸੋਮਵਾਰ
11, ਜਨਵਰੀ 2010
29 ਪੋਹ ,
ਨਾਨਕਸ਼ਾਹੀ 541

# ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 272,
ਸਾਲ 25
Postal Regd. No.
PB/0007/09-2011

www.ajdiawaaz.com | ਪੰਜਾਬ ਦੀ ਉਮੀਦ | info@ajdiawaaz.com




ਸ਼ਹਿਰ ਤੇ ਆਸ-ਪਾਸ
ਘਰੇਲੂ ਗੈਸ ਦੀ ਕਿੱਲਤ ਦੂਰ ਕਰਨ ... 3

ਸੰਪਾਦਕੀ
ਪੰਜਾਬ ਦੀ ਕੀਮਤ 'ਤੇ ਦੂਜੇ ਰਾਜਾਂ ਨੂੰ ਸਹੂਲਤਾਂ 4


ਦੇਸ਼ ਦੁਨੀਆਂ
ਅੰਮ੍ਰਿਤਧਾਰੀ ਸਾਬਤ ਸੂਰਤ ... 8


## ਯੂ.ਪੀ.ਏ. ਨੇ ਪੰਜਾਬ ਦੀ ਪਿੱਠ 'ਚ ਛੁਰਾ ਮਾਰਿਆ-ਸੁਖਬੀਰ ਬਾਦਲ

### ਪੰਜਾਬ, ਹਿਮਾਚਲ ਦੇ ਬਰਾਬਰ ਸੱਨਅਤੀ ਰਿਆਇਤਾਂ ਲਈ ਪ੍ਰਧਾਨ ਮੰਤਰੀ ਕੋਲ ਪਹੁੰਚ ਕਰਾਂਗੇ

ਚੰਡੀਗੜ੍ਹ, 10 ਜਨਵਰੀ: (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਉਪ ਮੁਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਅੱਜ ਇਥੇ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ 'ਤੇ ਦੋਸ਼ ਲਾਇਆ ਕਿ ਇਸ ਨੇ ਪਹਾੜੀ ਰਾਜਾਂ ਲਈ ਸਨਅਤੀ ਛੋਟਾਂ ਨੂੰ ਜਾਰੀ ਰੱਖਦਿਆਂ ਪੰਜਾਬ ਦੀ ਪਿੱਠ 'ਚ ਛੁਰਾ ਮਾਰਿਆ ਹੈ। ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ: ਬਾਦਲ ਨੇ ਦੋਸ਼ ਲਾਇਆ ਕਿ ਪੰਜਾਬ ਦੀ ਤੇਜੀ ਨਾਲ ਅੱਗੇ ਵੱਧ ਰਹੀ ਆਰਥਿਕਤਾ ਨੂੰ ਸੋਚੀ ਸਮਝੀ ਚਾਲ ਤਹਿਤ ਸੱਟ ਮਾਰਨ ਲਈ ਯੂ.ਪੀ.ਏ. ਨੇ ਇਸ ਪੈਕੇਜ ਨੂੰ ਜਾਰੀ ਰੱਖਦਿਆਂ ਪੰਜਾਬ ਨੂੰ ਇਨ੍ਹਾਂ ਛੋਟਾਂ ਦਾ



ਲਾਹਾ ਲੈ ਰਹੇ ਸੂਬਿਆਂ ਵਿਚਾਲੇ ਸੱਭ ਤੋਂ ਵੱਧ ਕਰ ਵਾਲਾ ਇਕ ਟਾਪੂ ਬਣਾ ਕੇ ਰੱਖ ਦਿੱਤਾ ਹੈ। ਸ: ਬਾਦਲ ਨੇ ਕਿਹਾ ਕਿ ਕਿਹਾ ਕਿ ਉਨ੍ਹਾਂ, ਮੁਖ ਮੰਤਰੀ ਅਤੇ ਸਨਅਤ ਤੇ ਵਣਜ ਮੰਤਰੀ ਸਮੇਤ ਅਕਾਲੀ-ਭਾਜਪਾ ਦੇ ਉਚ ਆਗੂਆਂ 'ਤੇ ਆਧਾਰਿਤ ਇਕ ਉਚ ਪੱਧਰੀ ਵਫਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲ ਕੇ ਪਹਾੜੀ ਰਾਜਾਂ ਦੇ ਬਰਾਬਰ ਦੀਆਂ ਸਨਅਤੀ ਰਿਆਇਤਾਂ ਪੰਜਾਬ ਨੂੰ ਵੀ ☛(ਬਾਕੀ ਸਫਾ 2 'ਤੇ)

## ਆਸਟਰੇਲੀਆ ਭਾਰਤੀ ਵਿਦਿਆਰਥੀਆਂ 'ਤੇ ਹਮਲੇ ਰੋਕੇ

ਨਵੀਂ ਦਿੱਲੀ, 10 ਜਨਵਰੀ (ਇੰਟ.)-ਭਾਰਤ ਨੇ ਅੱਜ ਆਸਟਰੇਲੀਆ ਦੀ ਸਰਕਾਰ ਨੂੰ ਦੋ ਟੁੱਕ ਗੱਲ ਕਰਦਿਆਂ ਕਿਹਾ ਹੈ ਕਿ ਆਸਟਰੇਲੀਆ ਵਿੱਚ ਪੜ੍ਹਨ ਲਈ ਗਏ ਵਿਦਿਆਰਥੀਆਂ ਦੀ ਸੁਰੱਖਿਆ ਲਈ ਉੱਥੋਂ ਦੀ ਸਰਕਾਰ ਤੁਰੰਤ ਠੋਸ ਕਦਮ ਚੁੱਕੇ ਅਤੇ ਬੀਤੇ ਦਿਨ ਜਸਪ੍ਰੀਤ ਸਿੰਘ ਨੂੰ ਜਿੰਦਾ ਸਾੜਨ ਦੀ ਕੋਸ਼ਿਸ਼ ਕਰਨ ਵਾਲੇ ਅਨਸਰਾਂ ਖਿਲਾਫ਼ ਕਾਰਵਾਈ ਕਰੇ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਹ ਬੜੀ ਹੀ ਚਿੰਤਾਜਨਕ ਅਤੇ ਭੱਦੀ ਸਥਿਤੀ ਹੈ ਕਿ ਭਾਰਤੀ ਨੌਜਵਾਨਾਂ, ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ

### ਭਾਰਤ ਦੀ ਦੋ-ਟੁੱਕ ਚੇਤਾਵਨੀ

ਆਸਟਰੇਲੀਆ ਦੀ ਸਰਕਾਰ ਸਾਡੇ ਵੱਲੋਂ ਵਾਰ-ਵਾਰ ਕਹਿਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕਰ ਰਹੀ। ਭਾਰਤ ਨੇ ਸਖ਼ਤ ਲਫ਼ਜਾਂ ਵਿੱਚ ਕਿਹਾ ਹੈ ਕਿ ਤੁਸੀਂ (ਆਸਟਰੇਲੀਆ) ਇਨ੍ਹਾਂ ਹਮਲਾਵਰਾਂ ਖਿਲਾਫ਼ ਕਾਰਵਾਈ ਸ਼ੁਰੂ ਕਰਕੇ ਸਾਨੂੰ ਜਾਣਕਾਰੀ ਦੇਵੇ ਤਾਂ ਕਿ ਸਪੱਸ਼ਟ ਹੋ ਸਕੇ ਕਿ ਆਸਟਰੇਲੀਆ ਦੀ ਸਰਕਾਰ ਸੱਚਮੁੱਚ ਭਾਰਤੀਆਂ ਦੀ ਸੁਰੱਖਿਆ ਲਈ ਯਤਨਸ਼ੀਲ ਹੈ। ਭਾਰਤ ਨੇ ਕਿਹਾ ਹੈ ਕਿ ਇਹ ਸਿਲਸਿਲਾ ਜਲਦੀ ਤੋਂ ਜਲਦੀ ਬੰਦ ਹੋਣਾ ਚਾਹੀਦਾ ਹੈ। ਲੇਕਿਨ ਆਸਟਰੇਲੀਆ ਦੀ ਸਰਕਾਰ ਗੋਗਲੂਆਂ ਤੋਂ ਮਿੱਟੀ ਛਾੜਨ ਤੱਕ ਹੀ ਸਿਮਟੀ ਹੋਈ ਹੈ। ਹੁਣ ਗੱਲਾਂ ਨਾਲ ਨਹੀਂ ਸਰਨਾ ਸਾਨੂੰ ਸਪੱਸ਼ਟ ਪਤਾ ਲੱਗੇ ਕਿ ਦੋਸ਼ੀਆਂ ਖਿਲਾਫ਼ ਕਾਰਵਾਈ ਹੋ ਰਹੀ ਹੈ। ਇਸ ਦੌਰਾਨ ਵਿਸ਼ਲੇਸ਼ਕਾਂ ਨੇ ਕਿਹਾ ਹੈ ☛(ਬਾਕੀ ਸਫਾ 2 'ਤੇ)




## ਬਹਾਦਰੀ ਦੇ ਐਵਾਰਡ ਜੇਤੂਆਂ ਨੂੰ ਜ਼ਮੀਨ ਦੀ ਅਲਾਟਮੈਂਟ

ਚੰਡੀਗੜ੍ਹ, 10 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਬਹਾਦਰੀ ਦੇ ਐਵਾਰਡ ਜੇਤੂਆਂ ਨੂੰ ਜ਼ਮੀਨ ਅਲਾਟ ਕਰਨ ਸਬੰਧੀ ਮਾਲ ਅਥਾਰਟੀ ਵਲੋਂ ਵਿਤਕਰਾ ਕੀਤੇ ਜਾਣ ਦੇ ਕਥਿਤ ਕੇਸਾਂ ਦੇ ਸਦੰਰਭ ਵਿੱਚ ਕੇਸਾਂ ਦਾ ਜਾਇਜ਼ਾ ਲੈਣ ਦੇ ਹੁਕਮ ਦਿੱਤੇ ਹਨ। ਇਹ ਭਰੋਸਾ ਮੁੱਖ ਮੰਤਰੀ ਨੇ ਵਾਰ ਡੈਕੋਰੇਟਿਡ ਇੰਡੀਆ ਦੇ ਇਕ ਵਫਦ ਨੂੰ ਮੀਟਿੰਗ ਦੌਰਾਨ ਦੁਆਇਆ ਜੋ ਆਪਣੇ ਪ੍ਰਧਾਨ ਬ੍ਰਿਗੇਡੀਅਰ (ਸੇਵਾ ਮੁਕਤ) ਸੰਤ ਸਿੰਘ ਐਮ.ਵੀ.ਸੀ. ਦੀ ਅਗਵਾਈ ਹੇਠ ਉਨ੍ਹਾਂ ਨੂੰ ਮਿਲਣ ਆਇਆ ਸੀ। ਵਫਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਰਾਜ ਸਰਕਾਰ ਪੀ.ਵੀ.ਸੀ. ਜੇਤੂ ਨੂੰ 15 ਏਕੜ ਜ਼ਮੀਨ, ਐਮ.ਵੀ.ਸੀ. ਜੇਤੂ ਨੂੰ 10 ਏਕੜ ਜ਼ਮੀਨ ਅਤੇ ਵੀਰ ਚੱਕਰ ਜੇਤੂ ਨੂੰ 5 ਏਕੜ ਜ਼ਮੀਨ ਦਿੱਤੀ ਹੈ। ਜ਼ਮੀਨ ਦੀ ਉਪਲੱਬਧਤਾ ਨਾ ਹੋਣ ਦੀ ਸੂਰਤ ਵਿਚ ਜ਼ਮੀਨ ਲਈ ਨਗਦ ਗ੍ਰਾਂਟ ਨਿਰਧਾਰਤ ਕੀਤੀ ਗਈ ਹੈ। ਕੁਝ ਕੇਸਾਂ ਵਿਚ ਜਿਲ੍ਹਾ ਮਾਲ ਅਥਾਰਟੀ ਨੇ ਐਵਾਰਡ ਜੇਤੂ ਨੂੰ ਗਲਤ ਢੰਗ ਨਾਲ ਇਹ ਸੂਚਿਤ ਕੀਤਾ ਹੈ ਕਿ ਜ਼ਮੀਨ ਉਪਲੱਬਧ ਨਹੀ ਹੈ ਅਤੇ ਉਸ ਨੂੰ ਨਗਦ ਗ੍ਰਾਂਟ ਲੈਣ ਲਈ ਆਖਿਆ। ਜਦਕਿ ਅਸਲੀਅਤ ਵਿਚ ਉਥੇ ਜ਼ਮੀਨ ਉਪਲੱਬਧ ਸੀ ਅਤੇ ਇਹ ਜ਼ਮੀਨ ਅਜੇ ਵੀ ਉਪਲੱਬਧ ਹੈ। ਕੁਝ ਐਵਾਰਡ ਜੇਤੂਆਂ ਨੇ ਮਾਲ ਅਥਾਰਟੀ ਦੀ ਗਲਤ ਸਲਾਹ ਉਤੇ ਨਗਦ ਗ੍ਰਾਂਟ ਪ੍ਰਵਾਨ ਕਰ ਲਈ। ਵਫਦ ਨੇ ਸ. ਬਾਦਲ ਨੂੰ ਕਿਹਾ ਕਿ ਉਹ ਨਗਦ ਗ੍ਰਾਂਟ ਵਾਪਸ ਲੈ ਕੇ ਜ਼ਮੀਨ ਮੁਹੱਈਆ ☛(ਬਾਕੀ ਸਫਾ 2 'ਤੇ)

### ਬਾਦਲ ਵੱਲੋਂ ਜਾਇਜ਼ਾ ਲੈਣ ਦੇ ਹੁਕਮ

## ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਮੁੱਦਾ ਫ਼ਿਰ ਭਖਿਆ

ਚੰਡੀਗੜ੍ਹ, 10 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਪ੍ਰਧਾਨ ਲਈ ਕਾਰਵਾਈਆਂ ਅਤੇ ਸਰਗਰਮੀਆਂ ਹੁਣ ਤੇਜ਼ ਹੋ ਗਈਆਂ ਹਨ। ਕਾਂਗਰਸ ਆਲਾ ਕਮਾਨ ਨੇ ਇਸ ਸਬੰਧੀ ਸੰਕੇਤ ਦਿੱਤੇ ਹਨ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਫਰਵਰੀ ਮਾਰਚ ਮਹੀਨਾ ਤੱਕ ਬਣਾ ਦਿੱਤਾ ਜਾਵੇਗਾ। ਇਸ ਸਬੰਧੀ ਉਨ੍ਹਾਂ ਨੇ ਪੰਜਾਬ ਕਾਂਗਰਸ ਦੀਆਂ ਜੱਥੇਬੰਦ ਚੋਣਾਂ ਕਰਵਾਉਣ ਲਈ ਪੀ.ਆਰ.ਓ. ਪ੍ਰਦੇਸ਼ ਅਫਸਰ ਨਿਯੁਕਤੀ ਵੀ ਕਰ ਦਿੱਤੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਲਈ ਪੀ.ਆਰ.ਓ.ਆਲ ਇੰਡੀਆ ਕਾਂਗਰਸ ਕਮੇਟੀ ਦੀ ਸਕੱਤਰ ਉਸ਼ਾ ਠੱਕਰ ਨੂੰ ਨਿਯੁਕਤ ਕੀਤਾ ਹੈ। ਉੱਧਰ ਸ੍ਰੀ ਠਾਕੁਰ ਨੂੰ ਪੀ.ਆਰ.ਓ. ਨਿਯੁਕਤ ਕਰਨ ਤੋਂ ਬਾਅਦ ਉਨ੍ਹਾਂ ਨੇ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ। ਪਿਛਲੇ ਦੋ ਦਿਨਾਂ ਤੋਂ ਉਸ਼ਾ ਠੱਕਰ ਨੇ ਪੰਜਾਬ ਕਾਂਗਰਸ ਦੇ ਨੇਤਾਵਾਂ ਅਤੇ ਵਰਕਰਾਂ ਨਾਲ ਮਿਲਣਾ ਸ਼ੁਰੂ ਕੀਤਾ ਹੋਇਆ ਹੈ। ਉਸਨੂੰ ਪੰਜਾਬ ਦੇ ਦੋਵਾਂ ਗਰੁੱਪ ਦੇ ਦਰਜਨਾਂ ਸੀਨੀਅਰ ਨੇਤਾਵਾਂ ਨੇ ਮਿਲ ਕੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ। ਉਹ ਇਸ ਦੌਰਾਨ ਇੱਥੇ ਹੋਰ ਕਈ ਸੀਨੀਅਰ ਨੇਤਾਵਾਂ ਨੂੰ ਅਲੱਗ-ਅਲੱਗ ਤੌਰ ਤੇ ਆਪਣੇ ਪੇਪਰ ਤੋਂ ਮਿਲੀ। ਜਿਨ੍ਹਾਂ ਵਿੱਚ ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਜਗਮੀਤ ਸਿੰਘ ਬਰਾੜ ਜਦੋਂ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਅਤੇ ਐਗਜੈਕਟਿਵ ਵਿੱਚ ਸਪੈਸ਼ਲ ਇਨਵਾਇਟੀ ਵੀ ਹਨ। ਜਿਨ੍ਹਾਂ ਨੇਤਾਵਾਂ ਨਾਲ ਊਸ਼ਾ ਠੱਕਰ ਨੇ ਮੀਟਿੰਗਾਂ ਕੀਤੀਆਂ ਹਨ। ਉਨ੍ਹਾਂ ਵਿੱਚ ਅਵਤਾਰ ਸਿੰਘ ਬਾਰੜ, ਰਿਪਜੀਤ ਬਰਾੜ ਵਿਧਾਇਕ ਅਮਰਜੀਤ ਸਿੰਘ ਸਮਰਾ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਜੋ ਪੰਜਾਬ ਪ੍ਰਦੇਸ਼ ਯੂਥ ਕਾਂਗਰਸ ਦੇ ਪ੍ਰਧਾਨ ਵੀ ਹਨ। ਸਾਬਕਾ ਵਿਧਾਇਕ ਅਰੁਣ ਚੌਧਰੀ ਤੋਂ ਇਲਾਵਾ ☛(ਬਾਕੀ ਸਫਾ 2 'ਤੇ)

### ਸਵਰਗੀ ਬੇਅੰਤ ਸਿੰਘ ਦਾ ਪਰਿਵਾਰ ਆਇਆ ਅਮਰਿੰਦਰ ਦੀ ਹਮਾਇਤ 'ਤੇ

## ਸੁਖਬੀਰ, ਹਰਸਿਮਰਤ ਬਾਦਲ ਅੱਜ ਤਲਵੰਡੀ ਸਾਬੋ 'ਚ

ਤਲਵੰਡੀ ਸਾਬੋ, 10 ਜਨਵਰੀ (ਰਣਜੀਤ ਰਾਜੂ)-ਪੰਜਾਬ ਦੇ ਉਪ ਮੁੱਖ ਮੰਤਰੀ ਸ੍ਰ. ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਧਰਮ ਪਤਨੀ ਅਤੇ ਬਠਿੰਡਾ ਹਲਕੇ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਅੱਜ ਸਵੇਰੇ (11 ਜਨਵਰੀ) ਕਰੀਬ 9 ਵਜੇ ਤਲਵੰਡੀ ਸਾਬੋ ਪੁੱਜ ਰਹੇ ਹਨ। ਉਕਤ ਜਾਣਕਾਰੀ ਅਕਾਲੀ ਦਲ ਦੇ ਹਲਕਾ ਇੰਚਾਰਜ ਸ੍ਰ. ਅਮਰਜੀਤ ਸਿੰਘ ਖਾਨ੍ਹਾ ਅਤੇ ਯੂਥ ਅਕਾਲੀ ਦਲ ਦੇ ਕੌਮੀ ਸਕੱਤਰ ਕਾਕਾ ਸੁਖਮਨ ਸਿੱਧੂ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਦਿੱਤੀ। ਸ੍ਰ. ਖਾਨ੍ਹਾ ਨੇ ਦੱਸਿਆ ਕਿ ਉੱਪ ਮੁੱਖ ਮੰਤਰੀ ਅਤੇ ਐੱਮ. ਪੀ. ਸਥਾਨਿਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਸੰਗਤ ਦਰਸ਼ਨ ਮੌਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਮੌਕੇ 'ਤੇ ਹੀ ਹੱਲ ਕਰਨਗੇ। ਉਨ੍ਹਾਂ ਨਾਲ ਹਰੇਕ ਵਿਭਾਗ ਦੇ ਮੁਖੀ ਵੀ ਇਸ ਮੌਕੇ ਹਾਜ਼ਰ ਰਹਿਣਗੇ। ਉਧਰ ਸ੍ਰ. ਖਾਨ੍ਹਾ ਤੇ ਸੁਖਮਨ ਨੇ ਵੀ ਉੱਪ ਮੁੱਖ ਮੰਤਰੀ ਦੀ ਆਮਦ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਸਰਕਾਰੀ ਵਰਕਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਡਿਊਟੀਆਂ ਵੀ ਲਾਈਆਂ।

## ਮਾਰਕਫੈੱਡ ਦਾ ਆਟਾ ਵੀ ਆਇਆ ਬਾਜ਼ਾਰ 'ਚ

### ਮੁੱਖ ਮੰਤਰੀ ਬਾਦਲ ਵੱਲੋਂ ਸ਼ੁਭ ਆਰੰਭ

ਚੰਡੀਗੜ੍ਹ, 10 ਜਨਵਰੀ: (ਹਰੀਸ਼ ਚੰਦਰ ਬਾਗਾਂਵਾਲਾ):ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਇਥੇ ਆਪਣੇ ਨਿਵਾਸ ਸਥਾਨ ਤੇ ਮਾਰਕਫੈਡ ਦਾ ਸੋਹਣਾ ਬ੍ਰਾਂਡ ਪੰਜਾਬ ਹੋਲ ਵੀਟ ਆਟਾ ਜਾਰੀ ਕੀਤਾ। ਮਾਰਕਫੈਡ ਦੇ ਚੇਅਰਮੈਨ ਸ੍ਰੀ ਜਰਨੈਲ ਸਿੰਘ ਵਾਹਿਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਆਟੇ ਨੂੰ ਪੈਦਾ ਕਰਨ ਲਈ ਵਧੀਆਂ ਕਿਸਮ ਦੀ ਕਣਕ ਦੀ ਚੋਣ ਕਰਕੇ ਸੂਜੀ ਜਾਂ ਬ੍ਰਾਨ ਨੂੰ ਅਲੱਗ ਕੀਤੇ ਬਗੈਰ ਤਿਆਰ ਕੀਤਾ ਗਿਆ ਤਾਂ ਜੋ ਖਪਤਕਾਰਾਂ ਨੂੰ ਸਾਰੇ ਪੌਸ਼ਟਿਕ ਤੱਤ ਮਿਲ ਸਕਣ। ਉਨ੍ਹਾਂ ਅੱਗੇ ਦੱਸਿਆ ਕਿ ਮਾਰਕਫੈਡ ਇਕ ਸਿਰਕੱਢ ਖਰੀਦ ਏਜੰਸੀ ਹੈ ਅਤੇ ਵਪਾਰਕ ਪੱਧਰ ਉਤੇ ਕਣਕ ਦੀ ਚੋਣਵੀ ਖਰੀਦ ਵਿਚੋ ਇਹ ਆਟਾ ਪੈਦਾ ਕੀਤਾ ਜਾ ਰਿਹਾ ਹੈ ਜੋ ਨਾ ਕੇਵਲ ਪੰਜਾਬ ਬਲਕਿ ਦਿੱਲੀ, ਹਿਮਾਚਲ, ਹਰਿਆਣਾ, ਜੰਮੂ ਕਸ਼ਮੀਰ ਅਤੇ ਰਾਜਸਥਾਨ ਦੇ ਖਪਤਕਾਰਾਂ ਲਈ ਵੀ ਭੇਜਿਆ ਜਾਵੇਗਾ। ਇਸ ਆਟੇ ਦਾ ਮੁੱਲ ਤੈਅ ਕਰਨ ਸਮੇ ਇਹ ਧਿਆਨ ਵਿਚ ਰੱਖਿਆ ਗਿਆ ਹੈ ਕਿ ਖਪਤਕਾਰ ਨੂੰ ਉਸ ਦੇ ਪੈਸੇ ਦਾ ਪੂਰਾ ਮੁੱਲ ਮਿਲੇ ਅਤੇ ਮੰਡੀ ਵਿਚ ਆ ਰਹੇ ਬਾਕੀ ਮਾਰਕਿਆਂ ਦੇ ਮੁਕਾਬਲੇ ਵਾਜਿਬ ਹੋਵੇ। ਇਸ ਮੌਕੇ ਹਾਜ਼ਰ ਹੋਰਨਾ ਸਖਸ਼ੀਅਤਾਂ ☛(ਬਾਕੀ ਸਫਾ 2 'ਤੇ)



## ਡੀ.ਜੀ.ਪੀ.ਐਵਾਰਡ ਲਈ ਛੀਨਾ ਸਣੇ 6 ਪੁਲਿਸ ਅਧਿਕਾਰੀ ਚੁਣੇ

ਚੰਡੀਗੜ੍ਹ, 10 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸ੍ਰੀ ਪੀ.ਐਸ. ਗਿੱਲ ਨੇ ਵਧੀਆਂ ਸੇਵਾਵਾਂ ਲਈ ਡਾਇਰੈਕਟਰ ਜਨਰਲ ਐਵਾਰਡ ਲਈ 6 ਹੋਰ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਦੇ ਨਾਵਾਂ ਨੂੰ ਪ੍ਰਵਾਨਗੀ ਦੇ ਦਿਤੀ ਹੈ। ਇਨ੍ਹਾਂ ਦੀ ਚੋਣ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਪੁਲਿਸ ਖੇਤਰ ਵਿਚ ਕੀਤੀਆਂ ਵਿਲੱਖਣ ਪ੍ਰਾਪਤੀਆਂ ਲਈ ਕੀਤੀ ਗਈ ਹੈ। ਇਕ ਸਰਕਾਰੀ ਬੁਲਾਰੇ ਅਨੁਸਾਰ ਜਿਨ੍ਹਾਂ 6 ਹੋਰਾਂ ਨੂੰ ਇਹ ਐਵਾਰਡ ਦਿੱਤੇ ਗਏ ਹਨ, ਉਨ੍ਹਾਂ ਵਿਚ ਸੁਖਵਿੰਦਰ ਸਿੰਘ ਛੀਨਾ ਪੀ.ਪੀ.ਐਸ., ਏ.ਆਈ.ਜੀ ਭਲਾਈ ਪੰਜਾਬ ਚੰਡੀਗੜ੍ਹ, ਭੁਪਿੰਦਰ ਸਿੰਘ ਸਿੱਧੂ ਪੀ.ਪੀ.ਐਸ., ਡੀ.ਐਸ.ਪੀ. ਲੁਧਿਆਣਾ, ਧਰਮ ਸਿੰਘ ਉਪਲ ਪੀ.ਪੀ.ਐਸ, ਡੀ.ਐਸ.ਪੀ., ਸੀ.ਪੀ.ਓ ਸਤਨਾਮ ਸਿੰਘ ਪੀ.ਪੀ.ਐਸ., ਡੀ.ਐਸ.ਪੀ.(ਡੀ), ਲੁਧਿਆਣਾ ਦਿਹਾਤੀ, ਇੰਸਪੈਕਟਰ ਯੋਗੀ ਰਾਜ ਨੰ:ਪੀ.ਆਰ/173, ਜਿਲ੍ਹਾ ਲੁਧਿਆਣਾ ☛(ਬਾਕੀ ਸਫਾ 2 'ਤੇ)

## ਈ.ਟੀ.ਟੀ. ਅਧਿਆਪਕਾਂ ਦਾ ਅੰਦੋਲਨ ਅਣਉਚਿਤ -ਭੂੰਦੜ

ਲੁਧਿਆਣਾ, 10 ਜਨਵਰੀ (ਰਾਜ ਜੋਸ਼ੀ)- ਈ.ਟੀ.ਟੀ ਅਧਿਆਪਕਾਂ ਦੇ ਆਪਣੀਆਂ ਸੇਵਾਵਾਂ ਪੰਚਾਇਤੀ ਰਾਜ ਸੰਸਥਾਵਾਂ (ਪੀ.ਆਰ.ਆਈਜ਼) ਤੋ ਸਿੱਖਿਆ ਵਿਭਾਗ ਤਬਦੀਲ ਕਰਨ ਦੇ ਅੜੀਅਲ ਵਤੀਰੇ ਦੀ ਤਿੱਖੀ ਅਲੋਚਨਾ ਕਰਦੇ ਹੋਏ ਜਿਲ੍ਹਾ ਪ੍ਰੀਸ਼ਦ, ਲੁਧਿਆਣਾ ਦੇ ਚੇਅਰਮੈਨ ਸ੍ਰੀ ਮਨਪ੍ਰੀਤ ਸਿੰਘ ਇਯਾਲੀ ਅਤੇ ਜਿਲ੍ਹਾ ਪ੍ਰੀਸ਼ਦ, ਮਾਨਸਾ ਦੇ ਚੇਅਰਮੈਨ ਸ੍ਰੀ ਦਿਲਰਾਜ ਸਿੰਘ ਭੂੰਦੜ ਅਤੇ ਜਿਲ੍ਹਾ ਪ੍ਰੀਸ਼ਦਾ ਦੇ ਵੱਖ-ਵੱਖ ਚੇਅਰਮੈਨਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਮੁੱਖੀਆਂ ਨੇ ਦਾਅਵਾ ਕੀਤਾ ਹੈ ਕਿ ਮੌਜੂਦਾ ਪ੍ਰਣਾਲੀ ਭਾਰਤੀ ਸੰਬਿਧਾਨ ਦੀ 73ਵੀ ਸੋਧ ਦੇ ਹੇਠ ਸਥਾਪਿਤ ਕੀਤੀ ਗਈ ਹੈ, ਜਿਸ ਦਾ ਮਕਸਦ ਹੇਠਲੇ ਪੱਧਰ ਦੀਆਂ ਸੰਸਥਾਵਾਂ ਰਾਹੀਂ ਜੁਵਾਬਦੇਹੀ ਦੇ ਤੌਰ ਤਰੀਕੇ ਨੂੰ ਮਜ਼ਬੂਤ ਕਰਨਾ ਅਤੇ ਇਨ੍ਹਾਂ ਉਪਰ ਪ੍ਰਭਾਵੀ ਨਿਰੰਤਰਣ ਬਣਾਉਣਾ ਹੈ ਤਾਂ ਜੋ ਸਾਰਿਆਂ ਨੂੰ ਐਲੀਮੈਂਟਰੀ ਸਿੱਖਿਆ ਦੇਣ ਦੇ ਮਿੱਥੇ ਟੀਚੇ ਨੂੰ ਪੂਰਾ ਕੀਤਾ ਜਾ ਸਕੇ। ਇਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਦਾ ਮੰਨਣਾ ਹੈ ਕਿ ਮੌਜੂਦਾ ਪ੍ਰਬੰਧ ਹੇਠ ਪਿੰਡਾਂ ਦੇ ਸਕੂਲਾਂ ਵਿਚ ਭਾਈਚਾਰਿਆਂ ਦੀ ਪ੍ਰਭਾਵੀ ਸ਼ਮੂਲੀਅਤ ਹੈ, ਜਿਸ ਕਾਰਨ ਅਜਿਹਾ ਵਾਤਾਵਰਣ ਤਿਆਰ ਹੋਇਆ ਹੈ ਜਿਸ ਨਾਲ ਬੱਚਿਆਂ ਦੇ ਸਿੱਖਣ ਦੀ ਪ੍ਰਕਿਰਿਆ ਵਿਚ ਵਾਧਾ ਹੋਇਆ ਹੈ ਅਤੇ ਸਕੂਲਾਂ ਵਿਚ ਮਿਆਰੀ ਸੁਵਿਧਾਵਾਂ ਦੀ ਸਹੂਲਤ ਮਿਲੀ ਹੈ। ਉਨ੍ਹਾਂ ਕਿਹਾ ਕਿ ਈ.ਟੀ.ਟੀ. ਅਧਿਆਪਕਾਂ ਵਲੋ ਰੱਖੀ ਜਾ ਰਹੀ ਮੰਗ ਪੂਰੀ ਤਰ੍ਹਾਂ ਅਣਉਚਿਤ ਹੈ ਅਤੇ ਉਨ੍ਹਾਂ ਦੇ ਅੰਦੋਲਨ ਦੀ ਪਹੁੰਚ ਦਿਹਾਤੀ ਲੋਕਾਂ ਦੇ ਹਿੱਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹੈ। ਸ੍ਰੀ ਇਯਾਲੀ ਅਤੇ ਸ੍ਰੀ ਭੂੰਦੜ ਨੇ ਅੱਗੇ ਦੱਸਿਆ ਕਿ ਸਰਕਾਰੀ ਵਸੀਲਿਆਂ ਤੋ ਪ੍ਰਾਪਤ ਹੋਈ ਸੂਚਨਾ ਅਨੁਸਾਰ ਇਹ 13034 ਅਧਿਆਪਕ 5752 ਸਕੂਲਾਂ ☛(ਬਾਕੀ ਸਫਾ 2 'ਤੇ)

### ਦਿਹਾਤੀ ਵਿਦਿਆਰਥੀਆਂ ਦੇ ਵੀ ਹੈ ਵਿਰੁੱਧ-ਇਯਾਲੀ

## ਸਿੱਖਿਆ ਜਗਤ ਵਿੱਚ ਹਮੇਸ਼ਾ ਚਮਕਦੇ ਰਹਿਣਗੇ ਸ੍ਰੀ ਅਸ਼ੋਕ ਕੁਮਾਰ ਮਲਹੋਤਰਾ

ਸਾਲ 2009 ਦੇ ਅੰਤਿਮ ਦਿਨ ਦੇਸ਼ ਵਿਦੇਸ਼ ਵਸੇ ਸਮੂਹ ਭਾਰਤ ਵਾਸੀਆਂ ਲਈ ਉਸ ਸਮੇਂ ਬੇਹੱਦ ਕਸ਼ਟ ਦਾਇਕ ਅਤੇ ਵੱਡੇ ਘਾਟੇ ਵਾਲੇ ਹੋ ਨਿਬੜੇ ਜਦੋਂ ਦੇਸ਼ ਦੇ ਸਿੱਖਿਆ ਜਗਤ ਦੇ ਇਕ ਮਹਾਨ ਥੰਮ ਦਾ ਬਾਨੀ ਅਚਾਨਕ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਦੇਸ਼-ਵਿਦੇਸ਼ ਦੀਆਂ ਸਿੱਖਿਆ ਸੰਸਥਾਵਾਂ ਵਿੱਚ ਭਾਰਤੀ ਸਿੱਖਿਆ ਢਾਂਚੇ ਦੀ ਵੱਡੇ ਦਾਇਰੇ ਨਾਲ ਪ੍ਰਤੀਨਿਧਤਾ ਕਰਨ ਵਾਲੇ ਐੱਮ.ਬੀ.ਡੀ. ਪ੍ਰਕਾਸ਼ਨ ਸਮੂਹ ਦੇ ਬਾਨੀ, ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਸ਼ੋਕ ਮਲਹੋਤਰਾ ਦਾ 30 ਦਸੰਬਰ ਦੀ ਸ਼ਾਮ ਨੂੰ ਸਮੁੱਚੇ ਸਿੱਖਿਆ ਜਗਤ, ਆਪਣੇ ਪਰਿਵਾਰ ਅਤੇ ਹੋਰ ਕਾਰੋਬਾਰੀ ਸਾਥੀਆਂ ਨੂੰ ਵਿਛੋੜਾ ਦੇ ਜਾਣਾ ਭਾਰਤੀ ਸਿੱਖਿਆ ਢਾਂਚੇ ਲਈ ਬਹੁਤ ਵੱਡਾ ਘਾਟਾ ਹੈ। ਸ੍ਰੀ ਮਲਹੋਤਰਾ ਦੇ ਸੰਸਥਾਗਤ ਘਾਟੇ ਦੇ ਨਾਲ-ਨਾਲ ਉਨ੍ਹਾਂ ਸੰਘਰਸ਼ਸ਼ੀਲ ਲੋਕਾਂ ਦਾ ਇਕ ਮਹਾਨ ਪ੍ਰੇਰਨਾ ਦਾ ਸੋਮਾ ਵੀ ਸਾਥੋ ਖੁਸ ਗਿਆ ਹੈ ਜਿਸ ਦੇ ਜੀਵਨ ਸੰਘਰਸ਼ ਤੋਂ ਪ੍ਰੇਰਣਾ ਲੈ ਕੇ ਹੋਰ ਅਨੇਕਾਂ ਵਿਦਿਆਰਥੀ ਆਪਣੇ ਕੈਰੀਅਰ ਦੀ ਸਥਾਪਤੀ ਦੀ ਵੱਡੀ ਲੜਾਈ ਲੜ ਰਹੇ ਹਨ। ਸ੍ਰੀ ਅਸ਼ੋਕ ਮਲਹੋਤਰਾ ਨੇ ਇੱਕ ਛੋਟੀ ਦੁਕਾਨ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਕੇ ਸਿੱਖਿਆ ਦਾ ਚਾਨਣ ਦੇਣ ਵਾਲੇ ਐੱਮ.ਬੀ.ਡੀ. ਪ੍ਰਕਾਸ਼ਨ ਸਮੂਹ ਦੇ ਨਾਲ-ਨਾਲ ਹੋਲੀਫੇਥ ਇੰਟਰਨੈਸ਼ਨਲ ਪ੍ਰਕਾਸ਼ਨ ਸਥਾਪਤ ਕੀਤਾ। ਇਸ ਦੇ ਇਲਾਵਾ ਮਾਡਰਨ ਪਬਲੀਸ਼ਰਜ਼, ਵੱਖ-ਵੱਖ ਸ਼ਹਿਰਾਂ ਵਿੱਚ ☛(ਬਾਕੀ ਸਫਾ 2 'ਤੇ)



**Shri Ashok Kumar Malhotra will live forever///through his books and simple life style.May god give peace to is noble soul who made history in the publishing industry. His body is no more but his guidance and love shall always be with us.**

**This is a great loss to India,May god give strength to his family.**

## ਸ਼ੀਤ ਲਹਿਰ ਦਾ ਕਹਿਰ ਜਾਰੀ

ਜਲੰਧਰ, 10 ਜਨਵਰੀ (ਸਰਬਜੀਤ ਵਾਲੀਆ)-ਪੰਜਾਬ ਰਾਜ ਬਿਜਲੀ ਬੋਰਡ ਦੇ ਇੰਜੀਨੀਅਰਾਂ ਨੇ ਧੁੰਦ ਅੱਗੇ ਪੇਸ਼ ਨਾ ਚੱਲਦੀ ਵੇਖ ਕੇ ਹੱਥ ਖੜ੍ਹੇ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਧੁੰਦ ਕਾਰਨ



ਤਿੰਨ ਵਾਰ ਉੱਤਰੀ ਪਾਵਰ ਗਰਿੱਡ ਫੇਲ੍ਹ ਹੋ ਚੁੱਕਿਆ ਹੈ। ਪਿਛਲੇ 4 ਦਿਨਾਂ ਵਿੱਚ 186 ਥਾਵਾਂ ਤੇ ਬਿਜਲੀ ਸਪਲਾਈ ਵਿੱਚ ਨੁਕਸ ਪੈ ਚੁੱਕਿਆ ਹੈ। ਸਿਸਟਮ ਵਿੱਚ ਸੁਧਾਰ ਨਾ ਹੋਣ ਦਾ ਵੱਡਾ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਦੀ ਖਸਤਾ ਹਾਲ ਵੀ ਹੈ। ਫੰਡਾਂ ਦੀ ਘਾਟ ਇਸ ਸਮੇਂ ਬਿਜਲੀ ਬੋਰਡ ਲਈ ਵੱਡੀ ਸਮੱਸਿਆ ਬਣੀ ਹੋਈ ਹੈ। ਪੰਜਾਬ ਸਰਕਾਰ ਨੇ ਬਿਜਲੀ ਬੋਰਡ ਨੂੰ 3200 ਕਰੋੜ ਰੁਪਏ ਖਰਚ ਕੇ ਬਿਜਲੀ ਸੁਧਾਰ ਕਰਨ ਦੀ ਸਲਾਹ ਦਿੱਤੀ ਸੀ। ਇਹ ਰਕਮ ਕਰਜ਼ੇ ਵਜੋਂ ਲੈਣੀ ਸੀ, ਪਰ ਪੰਜਾਬ ਰਾਜ ਬਿਜਲੀ ਹੋਰਡ ਦੀ ਸਾਖ ਅਜਿਹੀ ਬਣੀ ਹੋਈ ਹੈ ਕਿ ਇਸਨੂੰ ਕੋਈ ਵੀ ਕਰਜ਼ ਦੇਣ ਲਈ ਤਿਆਰ ਨਹੀਂ। ਕਰਜਾ ਦੇਣ ਵਾਲੀਆਂ ਸੰਸਥਾਵਾਂ ਨੂੰ ਆਪਣਾ ਕਰਜ਼ਾ ਵਾਪਸ ਆਉਣ ਵਿੱਚ ਬੇਹੱਦ ਸੰਦੇਹ ਹੈ। ਇਸ ਸਮੇਂ ਪੰਜਾਬ ਵਿੱਚ ਰੋਜ਼ਾ 12 ਹਜ਼ਾਰ ਮੈਗਾਵਾਟ ਬਿਜਲੀ ਦੀ ਲੋੜ ਹੈ, ਜਦੋਂਕਿ ਪੈਦਾਵਾਰ ਸਮਰਥਾ ਸਿਰਫ 6200 ਮੈਗਾਵਾਟ ਹੈ। ਇਸ ਤੋਂ ਇਲਾਵਾ ਬਿਜਲੀ ਦੀਆਂ ਤਾਰਾਂ ਦਾ ਇੰਨਾ ਮਾੜਾ ਹਾਲ ਹੈ ਕਿ ਇਨ੍ਹਾਂ 'ਤੇ ਧੁੰਦ ਕਾਰਨ ਕਾਰਬਨ ਜੰਮ ☛(ਬਾਕੀ ਸਫਾ 2 'ਤੇ)

### ਬਿਜਲੀ ਸਪਲਾਈ ਵੀ ਪ੍ਰਭਾਵਿਤ

## ਮਾਤਾ ਚਰਨ ਕੌਰ ਸੁਚੱਜੀ ਜੀਵਨ ਜਾਚ ਦੀ ਪ੍ਰੇਰਨਾ ਸਨ-ਭਾਈ ਜਸਵੀਰ ਸਿੰਘ ਖ਼ਾਲਸਾ

### ਉੱਘੀਆਂ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜ਼ਲੀ



ਗੜ੍ਹਦੀਵਾਲ, 10 ਜਨਵਰੀ (ਅ.ਬ.) ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਵਾਲੇ ਅਤੇ ਸ. ਹਰਵਿੰਦਰ ਸਿੰਘ ਯੂ. ਕੇ. ਦੇ ਪੂਜਨੀਕ ਮਾਤਾ ਸ੍ਰੀਮਤੀ ਚਰਨ ਕੌਰ ਜੀ ਪਿਛਲੇ ਦਿਨੀਂ 24 ਦਸੰਬਰ ਨੂੰ ਅਕਾਲ ਪੁਰਖ ਦੇ ਭਾਣੇ ☛(ਬਾਕੀ ਸਫਾ 2 'ਤੇ)

## ਮੈਲਬੋਰਨ 'ਚ ਕਤਲ ਹੋਏ ਵਿਦਿਆਰਥੀ ਦਾ ਜਗਰਾਉਂ 'ਚ ਅੰਤਿਮ ਸਸਕਾਰ

ਲੁਧਿਆਣਾ, 10 ਜਨਵਰੀ (ਰਾਜ ਜੋਸ਼ੀ)-ਸਵਰਗੀ ਨਿਤਿਨ ਗਰਗ, ਜਿਸ ਦੀ ਮੈਲਬੋਰਨ ਵਿਖੇ ਹੱਤਿਆ ਕਰ ਦਿੱਤੀ ਗਈ ਸੀ ਦਾ ਅੱਜ ਸ਼ਮਸ਼ਾਨਘਾਟ ਜਗਰਾਉ ਵਿਖੇ ਅਤਿੰਮ ਸੰਸਕਾਰ ਕੀਤਾ ਗਿਆ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਲੋਕਾਂ ਤੋ ਇਲਾਵਾ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਪ੍ਰਸ਼ਾਸ਼ਨਿਕ ਅਧਿਕਾਰੀਆਂ, ਧਾਰਮਿਕ,ਵਿਦਿੱਅਕ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆ ਵਲੋ ਸਵਰਗੀ ਨਿਤਿਨ ਗਰਗ ਬਹੁਤ ਹੀ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਸੰਸਕਾਰ ਤੋ ਪਹਿਲਾ ਸ੍ਰੀ ਟਿਮ ਹੱਗਿਨਸ ਪ੍ਰਥਮ ਸਚਿੱਵ ਆਸਟਰੇਲੀਅਨ ਹਾਈ ਕਮਿਸ਼ਨ ਨਿਊ ਦਿੱਲੀ ਨੇ ਨਿਤਿਨ ਗਰਗ ਦੇ ਮ੍ਰਿਤਕ ਦੇਹ ਤੇ ਫੁੱਲ ਮਾਲਵਾਂ ਭੇਟ ਕਰਕੇ ਸ਼ਰਧਾਜ਼ਲੀ ਭੇਟ ਕੀਤੀ। ਸ: ਹੀਰਾ ਸਿੰਘ ਗਾਬੜੀਆ ਜੇਲ੍ਹ ਅਤੇ ਸੈਰ-ਸਪਾਟਾ ਮੰਤਰੀ ਪੰਜਾਬ ਨੇ ਮੁੱਖ ਮੰਤਰੀ ਪੰਜਾਬ ਸ: ਪਰਕਾਸ਼ ਸਿੰਘ ਬਾਦਲ ਅਤੇ ਸ: ਪਰਮਜੀਤ ਸਿੰਘ ਸਿੱਧਵਾਂ ਰਾਜਨੀਤਿਕ ਸਲਾਹਕਾਰ ਉਪ ਮੁੱਖ ਮੰਤਰੀ ਨੇ ਸ: ਸੁਖਬੀਰ ਸਿੰਘ ਬਾਦਲ ਵਲੋ ਸਵਰਗੀ ਨਿਤਿਨ ਗਰਗ ਦੀ ਮ੍ਰਿਤਕ ਦੇਹ ਤੇ ਫੁੱਲ ਮਾਲਵਾਂ ਭੇਟ ਕਰਕੇ ਸ਼ਰਧਾਜ਼ਲੀ ਭੇਟ ਕੀਤੀ। ਹੋਰਨਾਂ ਤੋ ਇਲਾਵਾ ਪ੍ਰਮੁੱਖ ਸ਼ਖਸੀਅਤਾਂ ਵਿੱਚ, ਜਿਹਨਾਂ ਨੇ ਨਿਤਿਨ ਗਰਗ ਦੀ ਮਿਤਕ ਦੇਹ ਤੇ ਫੁੱਲ ਮਾਲਾਵਾਂ ਭੇਟ ਕਰਕੇ



ਸ਼ਰਧਾਜ਼ਲੀ ਭੇਟ ਕੀਤੀ ਉਹਨਾ ਵਿੱਚ ਸ੍ਰੀ ਮੁਨੀਸ਼ ਤਿਵਾੜੀ ਮੈਬਰ ਪਾਰਲੀਮੈਂਟ, ਸ੍ਰੀ ਵਿਕਾਸ ਗਰਗ ਡਿਪਟੀ ਕਮਿਸ਼ਨਰ, ਸ: ਹਰਿੰਦਰ ਸਿੰਘ ਚਾਹਲ ਐਸ.ਐਸ.ਪੀ. ਲੁਧਿਆਣਾ ਦਿਹਾਤੀ, ਸ੍ਰੀ ਗੁਰਦੀਪ ਸਿੰਘ ਭੈਣੀ, ਸ: ਹਰਮੋਹਿੰਦਰ ਸਿੰਘ( ਦੋਹਵੇ ਐਮ.ਐਲ.ਏ.), ਸ: ਭਾਗ ਸਿੰਘ ਮੱਲ੍ਹਾ ਚੇਅਰਮੈਨ ਜਿਲਾ ਯੋਜਨਾ ਕਮੇਟੀ,ਸੀ ਪਵਨ ਦੀਵਾਨ ਅਤੇ ਸ: ਗੁਰਚਰਨ ਸਿੰਘ ਗਰੇਵਾਲ ਸ਼ਾਮਲ ਸਨ। ਸ: ਹੀਰਾ ਸਿੰਘ ਗਾਬੜੀਆ ਨੇ ਦੁੱਖੀ ਪਰਿਵਾਰ ਨਾਲ ਗਹਿਰੀ ਹਮਦਰਦੀ ਪ੍ਰਗਟ ਕੀਤੀ ਅਤੇ ਇਸ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਉਹਨਾਂ ਕਿਹਾ ਕਿ ਦੁੱਖ ਦੀ ਇਸ ਘੜੀ ਵਿੱਚ ਉਹ ਅਤੇ ਪੰਜਾਬ ਸਰਕਾਰ ਉਹਨਾਂ ਦੇ ਪਰਿਵਾਰ ਨਾਲ ਖੜੀ ਹੈ। ਉਹਨਾਂ ਕਿਹਾ ਕਿ ਇਸ ਤਰ੍ਹਾ ਦੀਆਂ ਘਟਨਾਵਾਂ ਨਾਲ ਵਿਦੇਸ਼ਾਂ ਵਿੱਚ ਵੱਸਦੇ ਭਾਰਤੀ ਅਤੇ ਭਾਰਤ ਵਿੱਚ ਰਹਿੰਦੇ ਉਹਨਾਂ ਦੇ ਰਿਸਤੇਦਾਰ ਬਹੁਤ ਹੀ ਆਸੁਰੱਖਿਅਤ ਮਹਿਸੂਸ ਕਰਦੇ ਹਨ। ਉਹਨਾਂ ਮੰਗ ਕੀਤੀ ਕਿ ਆਸਟਰੇਲੀਆ ਸਰਕਾਰ ਦੋਸ਼ੀ ਵਿਆਕਤੀਆਂ ਨੂੰ ਸਖਤ ਤੋ ਸਖ਼ਤ ਕਾਨੂੰਨੀ ਸਜ਼ਾ ਦੇਵੇ। ਉਹਨਾਂ ਕਿਹਾ ਕਿ ਸ: ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਪਹਿਲਾ ਹੀ ਦੇਸ਼ ਦੇ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਮਿਲ ਕੇ ਇਹ ਬੇਨਤੀ ਕਰ ਚੁੱਕੇ ਹਨ ਕਿ ਆਸਟਰੇਲੀਆ ਵਿੱਚ ਉਚ ਸਿੱਖਿਆ ਲਈ ਪੜ੍ਹਨ ਗਏ ਪੰਜਾਬੀ ਨੌਜਵਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਅਜਿਹੀ ਹਿੰਸਕ ਘਟਨਾਵਾਂ ਤੇ ਪੂਰੀ ਤਰ੍ਹਾ ਕਾਬੂ ਪਾਉਣ ਲਈ ਇਹ ਮਸਲਾ ਆਸਟਰੇਲੀਅਨ ਸਰਕਾਰ ਨਾਲ ਉਠਾਇਆ ਜਾਵੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਅਤੇ ਉਪ ਮੁੱਖ ਮੰਤਰੀ ਪੰਜਾਬ ਅਤੇ ਹੋਰਨਾਂ ਪਾਰਟੀ ਦੇ ਸੀਨੀਅਰ ਲੀਡਰਾਂ ਸਮੇਤ ਆਸਟਰੇਲੀਅਨ ਹਾਈ ਕਮਿਸ਼ਨ ਨੂੰ ਮਿਲ ਕੇ ਅਜਿਹੀਆਂ ਹਿੰਸਕ ਘਟਨਾਵਾਂ ਤੇ ਕਾਬੂ ਪਾਉਣ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰ ਚੁੱਕੇ ਹਨ।

### ਆਸਟਰੇਲੀਆ 'ਚ ਭਾਰਤੀ ਵਿਦਿਆਰਥੀ ਅਸੁਰੱਖਿਅਤ






**Shri Ashok Kumar Malhotra**

**He is still with us...**

**The Kriya Ceremony of Shri Ashok Kumar Malhotra (Chairman and Managing Director The MBD Group) will be held at Convention Hall-The Ashok Hotel, 50B, Chanakyapuri, New Delhi on Monday, 11th January 2010 from 3-4 pm**

Mrs. Satish Bala Malhotra (Wife)
Monica & Tarun (Daughter & Son-in-law)
Sonica & Naveen (Daughter & Son-in-law)
Dhruv & Shrey (Grandsons)
Mr. S. K. Kandhari (Samdhi)

Mr. Ram Parkash Vohra (Brother-in-law)
Tripta & D.L. Khanna (Sister & Brother-in-law)
Kiran & Gyan Saggi (Sister & Brother-in-law)
Shashi & Ramesh Bhambri (Sister & Brother-in-law)
Meena & Param Chandey (Sister & Brother-in-law)
Seema & Naresh Chandey (Sister & Brother-in-law)
Mrs. Sudesh Lal (Sister-in-law)
Chanderkanta & Balraj Kapoor (Sister-in-law & brother-in-law)
Mrs. Ruby Kapoor (Sister-in-law)
Kiran & Prem Kapoor (Sister-in-law & brother-in-law)
Friends & Relatives

RSVP
+91-9999887501
+91-9711988793
+91-9311466601
+91-9999778386

**The entire MBD Family**